ਕੰਪਿਊਟਰ ਸੈਲ ਸਿੰਚਾਈ ਵਿਭਾਗ ਪੰਜਾਬ
ਚੰਡੀਗੜ੍ਹ
ਡਾਇਰੀ ਨੰ. 530 ਮਿਤੀ 24/9/19

ਪੰਜਾਬ ਸਰਕਾਰ
ਜਲ ਸਰੋਤ ਵਿਭਾਗ
(ਸਿੰਚਾਈ ਪ੍ਰਸੋਨਲ-2 ਸ਼ਾਖਾ)

**ਦਫਤਰੀ ਹੁਕਮ**

ਜਲ ਸਰੋਤ ਵਿਭਾਗ, ਪੰਜਾਬ ਵਿੱਚ ਜਿਲੇਦਾਰਾਂ ਤੋ ਬਤੌਰ ਡਿਪਟੀ ਕੁਲੇਕਟਰ ਪੱਦ ਉਨਤੀਆਂ ਡਿਪਟੀ ਕੁਲੈਕਟਰਾਂ ਦੀਆਂ ਸੇਵਾਵਾਂ "ਦੀ ਪੰਜਾਬ ਪਬਲਿਕ ਵਰਕਸ ਡਿਪਾਰਟਮੈਂਟ (ਇਰੀਗੇਸਨ ਬਰਾਂਚ) ਡਿਪਟੀ ਕੁਲੈਕਟਰਜ ਸਟੇਟ ਸਰਵਿਸ ਕਲਾਸ-2 ਨਿਯਮਾਂਵਲੀ, 1955" ਅਧੀਨ ਰੈਗੂਲੇਟ ਹੁੰਦੀਆਂ ਹਨ। ਇਨ੍ਹਾਂ ਨਿਯਮਾਂ ਦੇ ਨਿਯਮ-6 ਵਿੱਚ ਹੇਠ ਲਿਖੇ ਅਨੁਸਾਰ ਉਪਬੰਧ ਹੈ:-

**Method of Recruitment**

6. All appointments to the Service shall be made from among the Zilladars "with 10 years service as such" in the Punjab Public Works Department (Irrigation Branch) Zilladars State Service, Class-IIIPurely by selection. No Zilladar shall be entitled to such appointment as of right.

2. ਉਪਰੋਕਤ ਰੂਲਾਂ/ਉਪਬੰਧਾਂ ਤੋਂ ਇਲਾਵਾ ਪ੍ਰਸੋਨਲ ਵਿਭਾਗ (ਪੀ.ਪੀ.-1 ਸਾਖਾ) ਵਲੋ ਜਾਰੀ ਹਦਾਇਤਾਂ ਨੰ:4/43/09-3ਪੀਪੀ1/573, ਮਿਤੀ 17.7.2012 ਅਨੁਸਾਰ ਸੁਪਰਡੰਟ ਗਰੇਡ-1 ਤੋ ਹੇਠਾਂ ਦੀਆ ਮਨਿਸਟਰੀਅਲ ਸੇਵਾਵਾਂ ਤੋ ਇਲਾਵਾ ਤਕਨੀਕੀ ਅਸਾਮੀਆਂ, ਜੋ ਸੁਪਰਡੰਟ ਗਰੇਡ-1 ਦੇ ਸਮਾਨ ਪੇ-ਸਕੇਲ ਜਮਾਂ ਗਰੇਡ ਤੋ ਹੇਠਾਂ ਦੀਆਂ ਅਸਾਮੀਆਂ ਹਨ, ਦੀਆਂ ਪੱਦ-ਉਨਤੀਆਂ ਵੀ ਪ੍ਰਬੰਧਕੀ ਸਕੱਤਰ (ਨਿਯੁਕਤੀ ਕਰਤਾ ਅਧਿਕਾਰੀ) ਦੀ ਪੱਧਰ ਤੇ ਬਿਨ੍ਹਾਂ ਡੀ.ਪੀ.ਸੀ. ਤੋਂ ਨਿਯਮਾਂ ਅਨੁਸਾਰ ਕਰ ਲਈ ਜਾਵੇ, ਪਰੰਤੂ ਬੈਂਚ ਮਾਰਕ ਅਤੇ ਹੋਰ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਦੀ ਪ੍ਰਤੀ-ਪੂਰਤੀ ਯਕੀਨੀ ਬਣਾਈ ਜਾਵੇ।

3. ਡਿਪਟੀ ਕੁਲੈਕਟਰਾਂ ਦੀ 02 ਖਾਲੀ ਅਸਾਮੀਆਂ ਵਿਰੁੱਧ ਜਿਲ੍ਹੇਦਾਰਾਂ ਤੋਂ ਬਤੌਰ ਡਿਪਟੀ ਕੁਲੈਕਟਰ ਪੱਦ ਉਨਤੀਆਂ ਕਰਨ ਲਈ 02 ਯੋਗ ਉਮੀਦਵਾਰ ਦਾ ਨਾਮ ਸਮਰੱਥ ਅਥਾਰਟੀ ਦੀ ਪੱਧਰ ਤੇ ਵਿਚਾਰਿਆ ਗਿਆ ਅਤੇ ਵਿਚਾਰਨ ਉਪਰੰਤ ਯੋਗ ਪਾਇਆ ਗਿਆ। ਇਸ ਲਈ ਹੇਠ ਲਿਖੇ 02 ਜਿਲ੍ਹੇਦਾਰ ਨੂੰ ਬਤੌਰ ਡਿਪਟੀ ਕੁਲੈਕਟਰ, ਤਨਖਾਹ ਸਕੇਲ 10300-34800+5000 (ਗ੍ਰੇਡ ਪੇਅ) ਵਿੱਚ ਪੱਦ ਉਨਤ ਕੀਤਾ ਜਾਂਦਾ ਹੈ:-

| ਲੜੀ ਨੰ | ਨਾਮ ਸਰਵ /ਸ੍ਰੀ /ਸ੍ਰੀਮਤੀ | ਸੀਨੀਆਰਤਾ ਨੰਬਰ | ਕੈਟਾਗਰੀ | ਵਿਸ਼ੇਸ਼ ਕਥਨ |
|---|---|---|---|---|
| 1. | ਅਜੀਤ ਪਾਲ ਸਿੰਘ ਪੁੱਤਰ ਸ੍ਰੀ ਸਵਰਨਜੀਤ ਸਿੰਘ | 44 | ਜਨਰਲ | ਸ੍ਰੀ ਅਜੀਤ ਪਾਲ ਸਿੰਘ ਪੁੱਤਰ ਸ੍ਰੀ ਸਵਰਨਜੀਤ ਸਿੰਘ ਨੂੰ ਮਿਤੀ 01.10.2019 ਤੋਂ ਬਤੌਰ ਡਿਪਟੀ ਕੁਲੈਕਟਰ ਪੱਦ-ਉਨਤ ਕੀਤਾ ਜਾਂਦਾ ਹੈ। |
| 2. | ਸ੍ਰੀ ਅਰੁਣ ਕੁਮਾਰ ਪੁੱਤਰ ਸ੍ਰੀ ਦੁਰਗਾ ਦੱਤ | 46 | ਜਨਰਲ | -------- |

4. ਇਹ ਪੱਦ ਉਨਤੀ ਹੇਠ ਲਿੱਖੀਆਂ ਸ਼ਰਤਾਂ ਤੇ ਅਧਾਰਿਤ ਹੋਵੇਗੀ:-

ੳ) ਪੱਦ ਉਨਤ ਹੋਣ ਵਾਲੇ ਅਧਿਕਾਰੀ ਨੂੰ ਰੂਲਾਂ/ਹਦਾਇਤਾਂ ਅਨੁਸਾਰ ਪਰਖ ਕਾਲ ਦਾ ਸਮਾਂ ਪੂਰਾ ਕਰਨਾ ਹੋਵੇਗਾ।

ਅ) ਮਾਨਯੋਗ ਸੁਪਰੀਮ ਕੋਰਟ ਵੱਲੋਂ 85ਵੀਂ ਸੰਵਿਧਾਨਿਕ ਸੋਧ ਦੇ ਸਬੰਧ ਵਿੱਚ ਮਿਤੀ 19.10.2006 ਨੂੰ ਦਿੱਤੇ ਫੈਸਲੇ ਦੀ ਰੋਸ਼ਨੀ ਵਿੱਚ ਪ੍ਰਸੋਨਲ ਵਿਭਾਗ ਵੱਲੋਂ ਜੋ ਨੀਤੀ ਨਿਰਧਾਰਿਤ ਕੀਤੀ ਜਾਵੇਗੀ, ਉਸ ਦੀ ਪਾਲਣਾ ਕਰਨ ਦੇ ਪਾਬੰਦ ਹੋਣਗੇ ਅਤੇ ਪ੍ਰਬੰਧਕੀ ਜ਼ਰੂਰਤਾਂ ਦੇ ਅਧਾਰ ਤੇ ਜੇਕਰ ਕੋਈ ਤਬਦੀਲੀ ਆਈ ਤਾਂ ਇਹ ਪੱਦ ਉਨਤੀ ਮੁੜ ਵਿਚਾਰੀ ਜਾ ਸਕਦੀ ਹੈ।

ੲ) ਇਹ ਪੱਦ-ਉਨਤੀ ਸਿਵਲ ਰਿੱਟ ਪਟੀਸਨ ਨੰ:15374 ਆਫ 2014-ਵੈਦ ਪ੍ਰਕਾਸ ਢੀਂਗਰਾ ਅਤੇ ਹੋਰ ਬਨਾਮ ਸਟੇਟ ਆਫ ਪੰਜਾਬ ਅਤੇ ਹੋਰ ਵਿੱਚ ਮਾਨਯੋਗ ਅਦਾਲਤ ਵਲੋਂ ਮਿਤੀ 05.08.2014 ਨੂੰ ਦਿੱਤੇ ਹੁਕਮਾਂ ਅਨੁਸਾਰ ਸਿਵਲ ਰਿੱਟ ਦੇ ਫੈਸਲੇ ਤੇ ਨਿਰਭਰ ਕਰੇਗੀ । ਹੁਕਮ ਹੁ-ਬ-ਹੂ ਹੇਠ ਲਿਖੇ ਅਨੁਸਾਰ ਹੈ:-

" Promotion, if any, shall be subject to the outcome of the writ petition."

ਸ) ਇਹ ਪੱਦ ਉਨਤੀ ਉਕਤ ਰਿੱਟ ਤੋ ਇਲਾਵਾ ਹੋਰ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਜੇਕਰ ਕੋਈ ਲੰਬਿਤ ਸਿਵਲ ਰਿੱਟ ਪਟੀਸਨਾਂ ਲੰਬਿਤ ਹੋਣਗੀਆਂ ਤਾਂ ਉਨ੍ਹਾਂ ਵਿੱਚ ਹੋਣ ਵਾਲੇ ਫੈਸਲਿਆਂ ਦੇ ਸਿੱਟਿਆਂ ਦੀ ਸਰਤ ਤੇ ਅਧਾਰਿਤ ਹੋਵੇਗੀ।

ਹ) ਇਹ ਪੱਦ ਉਨਤੀ ਕਰਨ ਨਾਲ ਫੀਡਰ ਕਾਡਰ (ਸਭ ਤੋਂ ਹੇਠਲੇ ਕਾਡਰ) ਵਿੱਚ ਖਾਲ੍ਹੀ ਹੋਣ ਵਾਲੀ ਅਸਾਮੀ ਪ੍ਰਸੋਨਲ ਵਿਭਾਗ ਦੀਆਂ ਹਦਾਇਤਾਂ ਮਿਤੀ 19.06.2000 ਦੀ ਰੋਸ਼ਨੀ ਵਿੱਚ ਖਤਮ ਸਮਝੀ ਜਾਵੇਗੀ ।

ਕ) ਇਹ ਹੁਕਮ ਡਿਪਟੀ ਕੁਲੈਕਟਰ ਦੀ ਅਸਾਮੀ ਦਾ ਚਾਰਜ ਸੰਭਾਲਣ ਦੀ ਮਿਤੀ ਤੋਂ ਲਾਗੂ ਹੋਣਗੇ।

**ਮਿਤੀ, ਚੰਡੀਗੜ੍ਹ:**
**20/09/2019**

**ਸਰਵਜੀਤ ਸਿੰਘ, ਆਈ.ਏ.ਐਸ.**
**ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ**
**ਜਲ ਸਰੋਤ ਵਿਭਾਗ,**

**ਨੰ:8/15/2019-5ਸਿੰਪ੍ਰੋ(2)/**15810-12/3 **ਮਿਤੀ, ਚੰਡੀਗੜ੍ਹ: 23/09/2019**

ਉਪਰੋਕਤ ਦਾ ਇੱਕ ਉਤਾਰਾ ਹੇਠ ਲਿੱਖਿਆਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਇੰਜੀਨੀਅਰ/ਨਹਿਰਾ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਉਨ੍ਹਾਂ ਦੇ ਪੱਤਰ ਨੰ: 4056/12ਈ.ਈ.1/2019, ਮਿਤੀ 03.09.2019 ਦੇ ਹਵਾਲੇ ਵਿੱਚ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਅਧਿਕਾਰੀਆਂ ਦੀ ਤੈਨਾਤੀ ਕਰਨ ਲਈ vacancy position ਤੁਰੰਤ ਭੇਜੀ ਜਾਵੇ ਅਤੇ ਜੁਆਇੰਨਿੰਗ ਰਿਪੋਰਟ ਵੀ ਭੇਜੀ ਜਾਵੇ।
2. ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।
3. ਕਾਰਜਕਾਰੀ ਇੰਜੀਨੀਅਰ-ਕਮ-ਇੰਚਾਰਜ ਕੰਪਿਊਟਰ ਸੈਲ, ਮੁੱਖ ਦਫਤਰ ਮੁੱਖ ਇੰਜੀਨੀਅਰ/ਨਹਿਰਾਂ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
4. ਸਬੰਧਤ ਅਧਿਕਾਰੀ/ਕਰਮਚਾਰੀ ।

ਸੁਪਰਡੰਟ